ਮੈਥ ਟੀਮ ਬਰਨਾਲਾ

**Worksheet-1** | **ਪਿਛਲੀ ਜਮਾਤ ਦੀ ਦੁਹਰਾਈ** | **ਜਮਾਤ – ਛੇਵੀਂ**

**(Revision Of Previous Class)**

**1.** ਸੰਖਿਆਵਾਂ ਵਿੱਚੋ ਸਭ ਤੋਂ ਵੱਡੀ ਸੰਖਿਆ ਲੱਭੋ। Find the largest number from the following:
3687, 3688, 3876, 3867, 3786
3876

**2.** ਸੰਖਿਆਵਾਂ ਵਿੱਚੋਂ ਸਭ ਤੋਂ ਛੋਟੀ ਸੰਖਿਆ ਪਤਾ ਕਰੋ। Find the smallest number from the following :
1023, 1203, 2103, 1013, 1103, 1301
1013

**3.** 1, 2, 4 ਅਤੇ 6 ਤੋਂ ਬਣਨ ਵਾਲੀ ਸਭ ਛੋਟੀ ਸੰਖਿਆ ਪਤਾ ਕਰੋ।
Find the smallest number that can be made using the digits 1, 2, 4 and 6.
1246

**4.** 5, 8, 7 ਅਤੇ 9 ਤੋਂ ਬਣਨ ਵਾਲੀ ਸਭ ਤੋਂ ਵੱਡੀ ਸੰਖਿਆ ਪਤਾ ਕਰੋ।
Find the largest number that can be made using the digits 5, 8, 7 and 9.
9875

**5.** ਅੰਕਾਂ 5, 6 ਅਤੇ 8 ਤੋਂ ਕਿਹੜੀਆਂ ਸੰਖਿਆਵਾਂ ਬਣ ਸਕਦੀਆਂ ਹਨ ਜਿਸ ਵਿੱਚ ਕੋਈ ਵੀ ਅੰਕ ਦੋਬਾਰਾ ਨਾ ਵਰਤਿਆ ਜਾਵੇ।
Numbers which can be made using 5, 6 and 8 such that no digit is repeated.
568, 586, 658, 685, 856, 865

**6.** ਹੇਠ ਲਿਖੇ ਹਰੇਕ ਸਮੂਹ ਨੂੰ ਵੱਧਦੇ ਕ੍ਰਮ ਵਿੱਚ ਲਿਖੋ। Write each of the following group in ascending order.

(i) 2354, 3425, 2435, 2524, 2358 — 2354, 2358, 2435, 2524, 3425
(ii) 15263, 16235, 15326, 15236, 16253 — 15236, 15263, 15326, 16235, 16253
(iii) 2876, 2768, 2687, 2678, 2786 — 2678, 2687, 2768, 2786, 2876
(iv) 34576, 36258, 37268, 36528, 35826 — 34576, 35826, 36258, 36528, 37268

**7.** ਹੇਠ ਲਿਖੇ ਗੁਣਨਫਲ ਪਤਾ ਕਰੋ।
Find the following product.

| (i) | (ii) | (iii) | (iv) |
|---|---|---|---|
| 73 x 46 | 89 x 83 | 272 x 96 | 197 x 57 |
| 438 | 267 | 1632 | 1379 |
| 292x | 712x | 2448x | 985x |
| 3358 | 7387 | 26112 | 11229 |

**8.** ਹੇਠ ਲਿਖੇ ਦਾ ਭਾਗਫਲ ਪਤਾ ਕਰੋ।
Divide the following :

| (i) 807 ÷ 9 | (ii) 782 ÷ 7 | (iii) 576 ÷ 24 | (iv) 869 ÷ 22 |
|---|---|---|---|
| 89 | 111 | 24 | 39 |
| 9 ) 807 | 7 ) 782 | 24 ) 576 | 22 ) 869 |
| 72 | 7 | 48 | 66 |
| 87 | 8 | 96 | 209 |
| 81 | 7 | 96 | 198 |
| 6 ਬਾਕੀ | 12 | x | 11 ਬਾਕੀ |
| | 7 | | |
| | 5 ਬਾਕੀ | | |

Scanned by CamScanner

9. ਪਹਿਲੀਆਂ 5 ਜਿਸਤ ਸੰਖਿਆਵਾਂ ਲਿਖੋ ਤੇ ਉਹਨਾਂ ਦਾ ਜੋੜ ਕਰੋ। Write first five even number and add them.

ਪਹਿਲੀਆਂ 5 ਜਿਸਤ ਸੰਖਿਆਵਾਂ = 2, 4, 6, 8, 10

ਜੋੜ = 2+4+6+8+10 = 30

10. ਤਿੰਨ ਅੰਕਾਂ ਦੀ ਸਭ ਤੋਂ ਵੱਡੀ ਜਿਸਤ ਸੰਖਿਆ ਲਿਖੋ। Write the largest 3 digit even number.

998


11. 7 ਦੇ ਪਹਿਲੇ ਛੇ ਗੁਣਜ ਲਿਖੋ। Write first 6 multiples of number 7.

7, 14, 21, 28, 35, 42


12. 97856 ਦੇ ਵਿੱਚੋਂ 7 ਦਾ ਸਥਾਨਕ ਮੁੱਲ ਲਿਖੋ। Write place value of number 7 in 97856.

7000


13. ਇੱਕ 4 cm ਲੰਬਾ ਇੱਕ ਰੇਖਾਖੰਡ ਬਣਾਓ। Draw a 4 cm long line segment.




14. ਇੱਕ 2.5 cm ਅਰਧ ਵਿਆਸ ਵਾਲਾ ਚੱਕਰ ਬਣਾਓ। Draw a circle of radius 2.5 cm.




15. ਹੇਠ ਲਿਖਿਆਂ ਆਕ੍ਰਿਤਿਆਂ ਦੇ ਨਾਮ ਲਿਖੋ। Write the name of the following figures.



ਵਰਗ    ਚੱਕਰ    ਤਿਕੋਣ    ਆਇਤ

Scanned by CamScanner

ਮੈਥ ਟੀਮ ਬਰਨਾਲਾ

**Worksheet-2** — **ਆਪਣੀਆਂ ਸੰਖਿਆਵਾਂ ਨੂੰ ਜਾਣਨਾ** — **ਜਮਾਤ – ਛੇਵੀਂ**

**(Knowing Our Numbers)**

**1.** ਹੇਠ ਦਿੱਤੇ ਸਮੂਹ ਵਿੱਚੋਂ ਸਭ ਤੋਂ ਛੋਟੀ ਸੰਖਿਆ ਤੇ ਗੋਲਾ ਲਗਾਓ। Circle the smallest number.
(i) 4536, 4892, (4370), 4452 (ii) 25286, 25245, 25270, (25210)

**2.** ਹੇਠ ਦਿੱਤੇ ਸਮੂਹ ਵਿੱਚੋਂ ਸਭ ਤੋਂ ਵੱਡੀ ਸੰਖਿਆ ਤੇ ਗੋਲਾ ਲਗਾਓ। Circle the greatest number.
(i) 1473, (89423), 100, 5000, 310 (ii) 2853, 7691, 9999, (12002), 124

**3.** (i) ਬਗੈਰ ਦੁਹਰਾਉਂਦੇ ਹੋਏ 9,7,4,1 ਅੰਕਾਂ ਦੀ ਵਰਤੋਂ ਕਰਦੇ ਹੋਏ ਚਾਰ ਅੰਕਾਂ ਦੀ ਸਭ ਤੋਂ ਛੋਟੀ ਸੰਖਿਆ ਬਣਾਓ। 1479
Without repeating the digits, Write the smallest number with four digits. ...............

(ii) ਬਗੈਰ ਦੁਹਰਾਉਂਦੇ ਹੋਏ 5,4,0,3 ਦੀ ਵਰਤੋਂ ਕਰਕੇ ਚਾਰ ਅੰਕਾਂ ਦੀ ਸਭ ਤੋਂ ਵੱਡੀ ਸੰਖਿਆ ਬਣਾਓ। 5430
Without repeating the digits, Write the greatest number with four digits. ...............

**4.** ਇਹਨਾਂ ਚਿੱਤਰਾਂ ਨੂੰ ਧਿਆਨ ਨਾਲ ਸਮਝਣ ਉਪਰੰਤ ਹੇਠ ਲਿਖੇ ਸਵਾਲਾਂ ਦੇ ਉੱਤਰ ਦਿਓ।
Observe the following figure & then answer the following questions.



ਰਾਮਰਹੀਮ (RamRahim) (160 ਸਮ) — ਡੋਲੀ (Dolly) (154 ਸਮ) — ਮੋਹਨ (Mohan) (158 ਸਮ) — ਸ਼ਮੀ (Shami) (159 ਸਮ)

(i) ਇਹਨਾਂ ਵਿੱਚੋਂ ਸਭ ਤੋਂ ਲੰਬਾ ਕੌਣ ਹੈ? Who is the tallest? ਰਾਮਰਹੀਮ
(ii) ਇਹਨਾਂ ਵਿੱਚੋਂ ਸਭ ਤੋਂ ਛੋਟਾ ਕੌਣ ਹੈ? Who is the shortest? ਡੋਲੀ
(iii) ਉਹਨਾਂ ਦੀਆਂ ਲੰਬਾਈਆਂ ਵਧਦੇ ਕ੍ਰਮ ਵਿੱਚ ਲਿਖੋ। 154, 158, 159, 160
Write their heights in ascending order. ____________
(iv) ਉਹਨਾਂ ਦੀਆਂ ਲੰਬਾਈਆਂ ਘਟਦੇ ਕ੍ਰਮ ਵਿੱਚ ਲਿਖੋ। 160, 159, 158, 154
Write their heights in descending order. ____________

**5.** ਕਾਲਮ A ਅਤੇ B ਦਾ ਮਿਲਾਨ ਕਰੋ। (Match columns A and B.)

| ਕਾਲਮ A (ਰੋਮਨ ਸੰਖਿਆ ਅੰਕ) Column A (Roman Numerals) | ਕਾਲਮ B (ਹਿੰਦੂ ਅਰਬੀ ਸੰਖਿਆ ਅੰਕ) Column B (Hindu Arabic Numerals) |
|---|---|
| X | 1000 |
| D | 50 |
| L | 100 |
| C | 10 |
| M | 500 |

**6.** ਹੇਠ ਲਿਖਿਆਂ ਸੰਖਿਆਂ ਵਿੱਚੋਂ ਉਸ ਸੰਖਿਆ ਤੇ ਗੋਲਾ ਲਗਾਓ ਜੋ ਭਾਰਤੀ ਸੰਖਿਆ ਲੇਖਨ ਪ੍ਰਣਾਲੀ ਵਿੱਚ ਦਰਸਾਈ ਗਈ ਹੈ।
Circle the number which is written in Indian number system.
(i) 78,921,092 ((ii) 85,46,283) (iii) 9,84,32,70 (iv) 99,985,102

**7.** ਨਿਕਟੀਕਰਨ ਰਾਹੀਂ ਨੇੜੇ ਦੀ ਦਹਾਈ ਤੱਕ ਅੰਦਾਜ਼ਾ ਲਗਾਉਣ ਉਪਰੰਤ ਦੱਸੋ।
Estimate to the nearest tens by rounding off.

| | | A | | B | | | | C | | D | | | |
|---|---|---|---|---|---|---|---|---|---|---|---|---|---|
| 259 | 260 | 261 | 262 | 263 | 264 | 265 | 266 | 267 | 268 | 269 | 270 | 271 | 272 |

(i) ਪਤਾ ਕਰੋ ਕਿ ਕਿਹੜੇ ਝੰਡੇ 270 ਦੀ ਤੁਲਨਾ ਵਿੱਚ 260 ਦੇ ਜ਼ਿਆਦਾ ਨੇੜੇ ਹਨ। A ਅਤੇ B
Find which flags are closer to 260 as compare to 270 ____________
(ii) ਪਤਾ ਕਰੋ ਕਿ ਕਿਹੜੇ ਝੰਡੇ 260 ਦੀ ਤੁਲਨਾ ਵਿੱਚ 270 ਦੇ ਜ਼ਿਆਦਾ ਨੇੜੇ ਹਨ। C ਅਤੇ D
Find which flag are closer to 270 as compare to 260 ____________

Scanned by CamScanner

**8.** (a) ਰੋਮਨ ਪ੍ਰਣਾਲੀ ਵਿੱਚ ਦਰਸਾਓ। (Write in Roman system.)

(I) 22 = XXII  (II) 40 = XL

(b) ਹਿੰਦੂ ਅਰਬੀ ਪ੍ਰਣਾਲੀ ਵਿੱਚ ਦਰਸਾਓ। (Write in Hindu Arabic system.)

(I) LXV = 65  (II) LXIX = 69

**9.** (a) ਜੇਕਰ ਰਾਮ, ਰਮਨ ਦੀ ਦੁਕਾਨ ਤੋਂ 2 ਕਿਲੋਗ੍ਰਾਮ ਸੇਬ, 1 ਕਿਲੋਗ੍ਰਾਮ ਸੰਤਰੇ, 2 ਕੰਘੇ ਅਤੇ ਇੱਕ ਸਾਬਣ ਖਰੀਦਦਾ ਹੈ ਤਾਂ ਉਸ ਨੂੰ ਕੁੱਲ ਕਿੰਨੀ ਰਕਮ ਰਮਨ ਨੂੰ ਦੇਣੀ ਪਵੇਗੀ।
If Ram purchases 2 kg apples, 1kg oranges, 2 combs, and 1 cake of soap from Raman's shop, how much money Ram has to pay to Raman?


(b) ਜੇਕਰ ਰਾਮ, ਰਮਨ ਨੂੰ 200 ਰੁਪਏ ਦਿੰਦਾ ਹੈ ਤਾਂ ਰਮਨ ਉਸ ਨੂੰ ਕਿੰਨੇ ਰੁਪਏ ਵਾਪਸ ਕਰੇਗਾ।
If Ram gives Rs.200 note to Raman, how much money Ram will get back?

| ਚਿੱਤਰ (Fig.) | ਮਦ Item | ਰੇਟ ਲਿਸਟ Rate list |
|---|---|---|
|  | ਸੇਬ Apple | 40 ਪ੍ਰਤੀ ਕਿ ਗ੍ਰ (per kg) |
|  | ਕੰਘਾ Comb | 3 ਰੁਪਏ ਦਾ ਇੱਕ (Rs 3/- each) |
|  | ਸੰਤਰੇ Orange | 30 ਰੁਪਏ ਪ੍ਰਤੀ ਕਿਲੋ (per kg) |
|  | ਸਾਬਣ Soap | 8 ਰੁਪਏ ਦਾ ਇੱਕ (Rs 8/- each) |

(a) 2 ਕਿਲੋਗ੍ਰਾਮ ਸੇਬ = 40×2 = 80 ਰੁਪਏ
1 ਕਿਲੋਗ੍ਰਾਮ ਸੰਤਰੇ = = 30 ਰੁਪਏ
2 ਕੰਘੇ = 2×3 = 6 ਰੁਪਏ
1 ਸਾਬਣ = = 8 ਰੁਪਏ
ਕੁੱਲ ਖਰਚ = 124 ਰੁਪਏ

(b) ਰਮਨ ਨੂੰ ਦਿੱਤੇ ਰੁਪਏ = 200
ਕੁੱਲ ਸਮਾਨ ਦੀ ਕੀਮਤ = −124
ਬਾਕੀ ਮੋੜਨਯੋਗ ਰੁਪਏ = 76
76 ਰੁਪਏ

**10.** ਇੱਕ ਵੱਡੇ ਬਰਤਨ ਵਿੱਚ 4 ਲੀਟਰ 500 ਮਿ.ਲੀ. ਦਹੀਂ ਹੈ। 25 ਮਿ. ਲੀ. ਵਾਲੀ ਸਮਰਥਾ ਵਾਲੇ ਕਿੰਨੇ ਗਲਾਸ ਇਸ ਨਾਲ ਭਰੇ ਜਾ ਸਕਦੇ ਹਨ।
A big bowl contains 4 litre and 500 ml curd. How many glasses having capacity of 25 ml can be filled with this curd?





ਵੱਡੇ ਬਰਤਨ ਵਿੱਚ ਦਹੀ = 4 ਲੀਟਰ 500 ਮਿ: ਲੀ
1 ਲੀਟਰ = 1000 ਮਿ: ਲੀ:
∴ ਵੱਡੇ ਬਰਤਨ ਵਿੱਚ ਦਹੀ = 4000 + 500 = 4500 ਮਿ: ਲੀ!
ਗਲਾਸ ਦੀ ਸਮਰਥਾ = 25 ਮਿ: ਲੀ:
ਗਲਾਸਾਂ ਦੀ ਸੰਖਿਆ = ਵੱਡੇ ਬਰਤਨ ਵਿੱਚ ਦਹੀ / ਇੱਕ ਗਲਾਸ ਦੀ ਸਮਰਥਾ = 4500 ਮਿ: ਲੀ: / 25 = 180 ਗਲਾਸ

ਰਫ ਕੰਮ
25 ) 4500 ( 180
25
200
200
0
0
×


**11.** ਘੜੀ ਵਿੱਚ ਦਰਸਾਏ ਸਮੇਂ ਨੂੰ ਹਿੰਦੂ ਅਰਬੀ ਸੰਖਿਆ ਅੰਕ ਪ੍ਰਣਾਲੀ ਵਿੱਚ ਦਰਸਾਓ।
Write the time shown by clocks in Hindu Arabic System.




2:55




9:00




3:30

Scanned by CamScanner

ਮੈਥ ਟੀਮ ਬਰਨਾਲਾ

Worksheet-3 | ਪੂਰਨ ਸੰਖਿਆਵਾਂ | ਜਮਾਤ - ਛੇਵੀਂ

(Whole Numbers)

**1.** ਸਹੀ ਕਥਨ ਤੇ ✓ ਅਤੇ ਗਲਤ ਕਥਨ ਤੇ × ਦਾ ਨਿਸ਼ਾਨ ਲਗਾਓ। (Put ✓ for true and × for false statement.)

(I) 1 ਇੱਕ ਸਭ ਤੋਂ ਛੋਟੀ ਪੂਰਨ ਸੰਖਿਆ ਹੈ। (1 is the smallest whole Number.) [×]

(II) 0 ਸਭ ਤੋਂ ਛੋਟੀ ਪ੍ਰਾਕਿਰਤਕ ਸੰਖਿਆ ਹੈ। (0 is the smallest Natural Number.) [×]

(III) 50 ਦਾ ਪਿਛੇਤਰ ਅੰਕ 49 ਹੈ। (49 is the predecessor of 50.) [✓]

(IV) 530 < 503 [×]


(V) 600 ਸੰਖਿਆ 599 ਦੀ ਅਗੇਤਰ ਸੰਖਿਆ ਹੈ। (600 is the successor of 599.) [✓]

**2.** ਸੰਖਿਆ ਰੇਖਾ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਸਵਾਲ ਹੱਲ ਕਰੋ।
Solve the following sum using Number line.

(I) 3+4

(II) 7−5

(III) 4×3




4 Jumps
3 Numbers in one Jump

**3.** ਢੁੱਕਵੇਂ ਕ੍ਰਮ ਨਾਲ ਜੋੜ ਪਤਾ ਕਰੋ। Find the sum by suitable rearrangement.

(I) 234+197+103
= 234+(197+103)
= 234+300
= 534

(II) 2+998+13
= (2+998)+13
= 1000+13
= 1013

**4.** ਢੁੱਕਵੇਂ ਕ੍ਰਮ ਨਾਲ ਗੁਣਨਫਲ ਪਤਾ ਕਰੋ। Find the product by suitable rearrangement.

(I) 4×166×25
= 166×(25×4)
= 166×100
= 16600

(II) 8×1769×125
= 1769×(125×8)
= 1769×1000
= 1769000

**5.** ਢੁੱਕਵੇਂ ਗੁਣ ਵਰਤਦੇ ਹੋਏ ਗੁਣਨਫਲ ਪਤਾ ਕਰੋ। Find the product by using suitable properties

(I) 1005×168
= (1000+5)×168
= 1000×168 + 5×168
= 168000 + 840
= 168840

(II) 12×35
= (10+2)×35
= 10×35 + 2×35
= 350+70
= 420

**6.** ਹੇਠ ਦਿੱਤੀਆਂ ਨੂੰ ਮਿਲਾਉ (Match the following)

(I) 425×136 = 425×(6+30+100) — ਗੁਣਨਫਲ ਲਈ ਕ੍ਰਮ ਵਟਾਂਦਰਾ ਗੁਣ (Commutativity under multiplication)

(II) 2×49×50 = 2×50×49 — ਜੋੜ ਲਈ ਕ੍ਰਮ ਵਟਾਂਦਰਾ (Commutativity under addition)

(III) 80+2005+20 = 80+20+2005 — ਜੋੜ ਉੱਤੇ ਗੁਣਨ ਦਾ ਵਿਤਰਣ (Distributivity of Multiplication over addition)

Scanned by CamScanner

F.

7. ਇੱਕ ਸਕੂਲ ਦੀ ਕੈਂਟੀਨ ਹਰ ਰੋਜ਼ ਦੁਪਹਿਰ ਦੇ ਖਾਣੇ ਦੇ ਲਈ 20 ਰੁ: ਅਤੇ ਦੁੱਧ ਦੇ ਲਈ 4 ਰੁ: ਲੈਂਦੀ ਹੈ। ਤੁਸੀਂ 5 ਦਿਨਾਂ ਵਿੱਚ ਇਹਨਾਂ ਚੀਜ਼ਾਂ ਤੇ ਕਿੰਨਾਂ ਖਰਚ ਕਰੋਗੇ?
The School canteen charges Rs. 20 for lunch & Rs. 4 for milk for each day. How much do you spend in 5 days on these things?

ਦੁਪਹਿਰ ਦੇ ਖਾਣੇ ਦਾ ਖਰਚ = 20 ਰੁ:
ਦੁੱਧ ਦਾ ਖਰਚ = 4 ਰੁ:
ਇੱਕ ਦਿਨ ਦਾ ਕੁੱਲ ਖਰਚ = 24 ਰੁ:
5 ਦਿਨਾ ਦਾ ਖਰਚ = $24 \times 5 = 120$ ਰੁਪਏ

8. ਕਿਸੇ ਟੈਕਸੀ ਡਰਾਈਵਰ ਨੇ ਆਪਣੀ ਗੱਡੀ ਦੀ ਪੈਟਰੋਲ ਟੈਂਕੀ ਵਿੱਚ ਸੋਮਵਾਰ ਨੂੰ 40 ਲੀਟਰ ਪੈਟਰੋਲ ਭਰਵਾਇਆ। ਅਗਲੇ ਦਿਨ ਉਸਨੇ ਟੈਂਕੀ ਵਿੱਚ 100 ਲੀਟਰ ਪੈਟਰੋਲ ਭਰਵਾਇਆ। ਜੇਕਰ ਪੈਟਰੋਲ ਦਾ ਮੁੱਲ 50 ਰੁ: ਪ੍ਰਤੀ ਲੀਟਰ ਹੋਵੇ ਤਾਂ ਉਸਨੇ ਪੈਟਰੋਲ 'ਤੇ ਕੁੱਲ ਕਿੰਨਾ ਖਰਚ ਕੀਤਾ।
Taxi driver filled his car petrol tank with 40 liters of petrol on Monday. The next day he filled the tank with 100 liters of petrol. if the petrol costs Rs. 50 per liters. How much did he spend in all on petrol?

ਸੋਮਵਾਰ ਨੂੰ ਭਰਵਾਇਆ ਪੈਟਰੋਲ = 40 ਲੀਟਰ
ਅਗਲੇ ਦਿਨ " " = 100 ਲੀਟਰ
ਕੁੱਲ ਭਰਵਾਇਆ ਪੈਟਰੋਲ = 140 ਲੀਟਰ
1 ਲੀਟਰ ਪੈਟਰੋਲ ਦਾ ਮੁੱਲ = 50 ਰੁਪਏ
140 ਲੀਟਰ " " " = $140 \times 50 = 7000$ ਰੁਪਏ

9. ਦਿੱਤੇ ਨਮੂਨੇ ਦਾ ਅਧਿਐਨ ਕਰਕੇ ਇਸ ਦੇ ਅਗਲੇ ਦੋ ਪਦ ਲਿਖੋ। (Study and complete the pattern)


| | |
|---|---|
| 1x8+1 | = 9 |
| 12x8+2 | = 98 |
| 123x8+3 | = 987 |
| 1234x8+4 | = 9876 |
| 12345x8+5 | = 98765 |
| 123456 x 8 + 6 | = 987654 |
| 1234567 x 8 + 7 | = 9876543 |


10. ਵਿਤਰਣ ਗੁਣ ਦੀ ਵਰਤੋਂ ਕਰਕੇ ਮੁੱਲ ਪਤਾ ਕਰੋ। (Using Distributive property, Find the value of the following)

(a) 728 X 101
$= 728 \times (100+1)$
$= 728 \times 100 + 728 \times 1$
$= 72800 + 728$
$= 73528$


(b) 4275 X 125
$= 4275 \times (100+25)$
$= 4275 \times 100 + 4275 \times 25$
$= 427500 + 106875$
$= 534375$


11. ਦੋ ਅਜਿਹੀਆਂ ਸੰਖਿਆਵਾਂ ਲਿਖੋ ਜਿਨ੍ਹਾਂ ਨੂੰ ਇੱਕ ਵਰਗ ਦੇ ਰੂਪ ਵਿੱਚ ਦਰਸਾਇਆ ਜਾ ਸਕਦਾ ਹੈ। ਉਦਾਹਰਣ: 4 ਨੂੰ ਇਸ ਤਰਾਂ ਦਰਸਾਇਆ ਜਾ ਸਕਦਾ ਹੈ- ⁚⁚
Give two numbers which can be represented as squares? e.g 4 can be represented as- ⁚⁚

9 = 

16 = 

12. ਦੋ ਅਜਿਹੀਆਂ ਸੰਖਿਆਵਾਂ ਲਿਖੋ ਜਿਨ੍ਹਾਂ ਨੂੰ ਇੱਕ ਆਇਤ ਦੇ ਰੂਪ ਵਿੱਚ ਦਰਸਾਇਆ ਜਾ ਸਕਦਾ ਹੈ। ਉਦਾਹਰਣ: 6 ਨੂੰ ਇਸ ਤਰਾਂ ਦਰਸਾਇਆ ਜਾ ਸਕਦਾ ਹੈ- ⁚⁚⁚ ਜਾਂ ⁝
Give two numbers which can be represented as rectangles ? e.g 6 can be represented as ⁚⁚⁚ or ⁝

8 = 

10 = 

Scanned by CamScanner

ਮੈਥ ਟੀਮ ਬਰਨਾਲਾ

Worksheet-4 **ਸੰਖਿਆਵਾਂ ਨਾਲ ਖੇਡਣਾ** ਜਮਾਤ – ਛੇਵੀਂ

**(Playing With Numbers)**

**1.** ਹੇਠ ਲਿਖਿਆਂ ਦੇ ਗੁਣਨਖੰਡ ਬਣਾਉ। (Write all the factors of following.)

(a) 12
1, 2, 3, 4, 6, 12

(b) 8
1, 2, 4, 8

**2.** ਹੇਠ ਲਿਖਿਆਂ ਦੇ ਪਹਿਲੇ ਦੋ-ਦੋ ਗੁਣਜ ਲਿਖੋ। (Write the first two multiples of following.)

(a) 7 , 14 , 21 (b) 14 , 28 , 42 (c) 9 , 18 , 27

**3.** ਦਿੱਤੀਆਂ ਹੋਈਆਂ ਸੰਖਿਆਵਾਂ ਵਿਚੋਂ ਅਭਾਜ ਸੰਖਿਆਵਾਂ ਉੱਤੇ ਗੋਲਾ ਲਗਾਉ। (Circle the prime numbers.)

(a) 2 (b) 9 (c) 3 (d) 11 (e) 15

**4.** ਦਿੱਤੀਆਂ ਹੋਈਆਂ ਸੰਖਿਆਵਾਂ ਵਿਚੋਂ ਭਾਜ ਸੰਖਿਆਵਾਂ ਉੱਤੇ ਗੋਲਾ ਲਗਾਉ। (Circle the composite numbers.)

(a) 4 (b) 7 (c) 9 (d) 10 (e) 5

**5.** ਸਹੀ ਕਥਨਾਂ ਉੱਤੇ (✓) ਅਤੇ ਗਲਤ ਕਥਨਾਂ ਉੱਤੇ (×) ਦਾ ਚਿੰਨ ਲਗਾਉ।
Mark (✓) on true statement (×) on false statement.

(a) 3 ਸਭ ਤੋਂ ਛੋਟੀ ਟਾਂਕ ਅਭਾਜ ਸੰਖਿਆ ਹੈ। (3 in the smallest odd prime Number.) ✓
(b) 63 ਇੱਕ ਅਭਾਜ ਸੰਖਿਆ ਹੈ। (63 is a prime Number.) ×
(c) 12 ਇੱਕ ਟਾਂਕ ਸੰਖਿਆ ਹੈ। (12 is a odd Number.) ×
(d) ਸਾਰੀਆਂ ਅਭਾਜ ਸੰਖਿਆਵਾਂ ਟਾਂਕ ਹੁੰਦੀਆਂ ਹਨ। (All the prime Numbers are odd.) ×
(e) ਸਾਰੀਆਂ ਜਿਸਤ ਸੰਖਿਆਵਾਂ ਭਾਜ ਹੁੰਦੀਆਂ ਹਨ। (All the even Numbers are composite.) ×
(f) 1 ਇੱਕ ਅਭਾਜ ਸੰਖਿਆ ਹੈ। (1 is a prime Number.) ×

**6.** ਆਦਰਸ਼ ਸੰਖਿਆਵਾਂ ਦੀਆਂ ਦੋ ਉਦਾਹਰਨਾਂ ਦਿਉ। Give two examples of perfect Numbers. 6 28

Perfect Number is a Positive integer that equals to sum of its divisors (except itself)

**7.** ਹੇਠ ਲਿਖਿਆਂ ਵਿਚੋਂ ਕਿਹੜੀਆਂ ਸੰਖਿਆਵਾਂ 3 ਨਾਲ ਪੂਰੀ ਤਰ੍ਹਾਂ ਭਾਗ ਹੋ ਜਾਂਦੀਆਂ ਹਨ।
Determine which of the following Numbers are divisible by 3.

(a) 123 ਹਾਂ (b) 336 ਹਾਂ (c) 127 ਨਹੀ (d) 59 ਨਹੀ

**8.** ਹੇਠ ਲਿਖਿਆਂ ਦੇ ਸਾਂਝੇ ਗੁਣਨਖੰਡ ਪਤਾ ਕਰੋ। (Find the common factors of following.)

(a) 4 ਅਤੇ 15


4 = 1, 2, 4
15 = 1, 3, 5, 15
ਸਾਂਝੇ ਗੁਣਨਖੰਡ = 1

(b) 12, 16 ਅਤੇ 18


12 = 1, 2, 3, 4, 6, 12
16 = 1, 2, 4, 8, 16
18 = 1, 2, 3, 6, 9, 18
ਸਾਂਝੇ ਗੁਣਨਖੰਡ = 1, 2

**9.** ਗੁਣਨਖੰਡ ਰੁੱਖ ਪੂਰੇ ਕਰੋ। (Complete the factor tree.

(a)




(b)




Scanned by CamScanner

**10.** ਹੇਠ ਲਿਖਿਆਂ ਦੇ H. C. F. ਪਤਾ ਕਰੋ। (Find the H. C. F. of the following Numbers.)

(a) 24 ਅਤੇ 36

$24 = 2 \times 2 \times 2 \times 3$

$36 = 2 \times 2 \times 3 \times 3$

H.C.F = $2 \times 2 \times 3 = 12$

(b) 18 ਅਤੇ 60

$18 = 2 \times 3 \times 3$

$60 = 2 \times 2 \times 3 \times 5$

H.C.F = $2 \times 3 = 6$

(c) 9, 112, 49

$9 = 3 \times 3 \times 1$

$112 = 2 \times 2 \times 2 \times 2 \times 7 \times 1$

$49 = 7 \times 7 \times 1$

H.C.F = 1

(d) 18, 54, 81

$18 = 2 \times 3 \times 3$

$54 = 2 \times 3 \times 3 \times 3$

$81 = 3 \times 3 \times 3 \times 3$

H.C.F = $3 \times 3 = 9$

**11.** ਹੇਠਾਂ ਦਿੱਤੇ ਜੋੜਿਆਂ ਵਿਚੋਂ ਕਿਹੜੇ ਜੋੜੇ ਸਹਿ-ਅਭਾਜ ਹਨ। (Which of the following are co-prime Numbers.)

(a) (2, 3) (b) (9, 12) (c) (9, 4) (d) (15, 45)

**12.** ਹੇਠਾਂ ਦਿੱਤੇ ਜੋੜਿਆਂ ਦਾ L.C.M. ਪਤਾ ਕਰੋ। (Find the L.C.M. of the following Numbers.)

(a) 6, 9

| | |
|---|---|
| 2 | 6-9 |
| 3 | 3-9 |
| 3 | 1-3 |
| | 1-1 |

L.C.M = $2 \times 3 \times 3$ = 18

(b) 15, 18

| | |
|---|---|
| 2 | 15-18 |
| 3 | 15-9 |
| 3 | 5-3 |
| 5 | 5-1 |
| | 1-1 |

L.C.M = $2 \times 3 \times 3 \times 5$ = 90

(c) 20, 25, 30

| | |
|---|---|
| 2 | 20-25-30 |
| 2 | 10-25-15 |
| 3 | 5-25-15 |
| 5 | 5-25-5 |
| 5 | 1-5-1 |
| | 1-1-1 |

L.C.M = $2 \times 2 \times 3 \times 5 \times 5$ = 300

(d) 12, 16, 24, 36

| | |
|---|---|
| 2 | 12-16-24-36 |
| 2 | 6-8-12-18 |
| 2 | 3-4-6-9 |
| 2 | 3-2-3-9 |
| 3 | 3-1-3-9 |
| 3 | 1-1-1-3 |
| | 1-1-1-1 |

L.C.M = $2 \times 2 \times 2 \times 2 \times 3 \times 3$ = 144

**13.** ਚਾਰ ਅੰਕਾਂ ਦੀ ਉਹ ਸਭ ਤੋਂ ਛੋਟੀ ਸੰਖਿਆ ਪਤਾ ਕਰੋ ਜੋ 18, 24 ਅਤੇ 32 ਨਾਲ ਭਾਗ ਹੋਵੇ।

Find the smallest 4-digit number which is exactly divisible by 18, 24 and 32.

| | |
|---|---|
| 2 | 18-24-32 |
| 2 | 9-12-16 |
| 2 | 9-6-8 |
| 2 | 9-3-4 |
| 2 | 9-3-2 |
| 3 | 9-3-1 |
| 3 | 3-1-1 |
| | 1-1-1 |

L.C.M = $2 \times 2 \times 2 \times 2 \times 2 \times 3 \times 3$ = 288

288 ਸੰਖਿਆ 18, 24 ਤੇ 32 ਨਾਲ ਭਾਗ ਹੁੰਦਾ ਹੈ

$288 \times 1 = 288$

$288 \times 2 = 576$

$288 \times 3 = 864$

$288 \times 4 = 1152$

ਚਾਰ ਅੰਕਾਂ ਦੀ ਛੋਟੀ ਸੰਖਿਆ 1152 ਹੈ

**14.** ਸਵੇਰ ਦੀ ਸੈਰ ਲਈ ਤਿੰਨ ਵਿਅਕਤੀ ਇਕ ਵੇਲੇ ਪੈਰ ਉਠਾ ਕੇ ਚਲਣਾ ਸ਼ੁਰੂ ਕਰਦੇ ਹਨ। ਉਹਨਾਂ ਦੇ ਕਦਮਾਂ ਦੀ ਲੰਬਾਈਆਂ ਕ੍ਰਮਵਾਰ 80 ਸਮ, 85 ਸਮ ਅਤੇ 90 ਸਮ ਹਨ। ਇਹਨਾਂ ਵਿਚੋਂ ਹਰੇਕ ਨਿਊਨਤਮ ਕਿੰਨੀ ਦੂਰੀ ਚੱਲੇ ਕਿ ਉਹ ਉਸ ਨੂੰ ਪੂਰੇ-ਪੂਰੇ ਕਦਮਾਂ ਵਿੱਚ ਤੈਅ ਕਰਨ। In a morning walk three person step off together their steps measure 80 cm, 85 cm & 90 cm respectively. What is the minimum distance each should walk so that all can cover the same distance in complete number of steps.

| | |
|---|---|
| 2 | 80-85-90 |
| 2 | 40-85-45 |
| 2 | 20-85-45 |
| 2 | 10-85-45 |
| 3 | 5-85-45 |
| 3 | 5-85-15 |
| 5 | 5-85-5 |
| 17 | 1-17-1 |
| | 1-1-1 |

L.C.M = $2 \times 2 \times 2 \times 2 \times 3 \times 3 \times 5 \times 17$

= 12240 cm


Scanned by CamScanner

ਮੈਥ ਟੀਮ ਘਰਨਾਲਾ

**Worksheet-7** **ਸੰਪੂਰਨ ਸੰਖਿਆਵਾਂ** **ਜਮਾਤ – ਛੇਵੀਂ**

**(Integers)**

**1.** ਹੇਠ ਲਿਖਿਆਂ ਸੰਖਿਆਵਾਂ ਨੂੰ ਸੰਖਿਆ ਰੇਖਾ ਤੇ ਦਰਸਾਉ। (Indicate the following numbers on number line -5,0,2,-3




**2.** ਹੇਠ ਲਿਖਿਆਂ ਦੇ ਉਲਟ ਲਿਖੋ। (Write the opposites of following.)

(a) ₹ 500 ਲਾਭ (₹ 500 profit)

₹ 500 ਹਾਨੀ (₹500 Loss)

(b) 50 ਕਿ.ਮੀ. ਪੂਰਵ ਵੱਲ (50 k.m. towards East)

50 ਕਿ.ਮੀ. ਪੱਛਮ ਵੱਲ (50 k.m towards west)

**3.** ਹੇਠ ਲਿਖੇ ਜੋੜਿਆਂ ਵਿਚਕਾਰ ਸਾਰੀਆਂ ਸੰਪੂਰਨ ਸੰਖਿਆਵਾਂ ਲਿਖੋ।

Write all the integers between the following pair of numbers.

(a) −2 ਅਤੇ 0 (-2 and 0)

−1

(b) 2 ਅਤੇ 5 (2 and 5)

3, 4

(c) −4 ਅਤੇ −2 (-4 and -2)

−3

**4.** ਕਿਹੜਾ ਕਥਨ ਸੱਚ ਹੈ ਅਤੇ ਕਿਹੜਾ ਝੂਠ ? (Which of the following statement is true and which is false.)


(a) ਸਭ ਤੋਂ ਛੋਟੀ ਰਿਣਾਤਮਕ ਸੰਪੂਰਨ ਸੰਖਿਆ −1 ਹੈ। (-1 is the smallest integer) ✗

(b) −2, 0 ਦੇ ਖੱਬੇ ਪਾਸੇ ਸਥਿਤ ਹੈ (ਸੰਖਿਆ ਰੇਖਾ ਤੇ) (On number line -2 is situated to the left side of no. 0) ✓

**5.** 13 ਦਾ ਜੋੜਾਤਮਕ ਉਲਟਕ੍ਰਮ ਕੀ ਹੈ? (What is the additive inverse of 13?) −13

**6.** ਸੰਖਿਆ ਰੇਖਾ ਦਾ ਪ੍ਰਯੋਗ ਕਰਕੇ ਉਹ ਸੰਖਿਆ ਪਤਾ ਕਰੋ ਜੋ 3 ਤੋਂ 4 ਘੱਟ ਹੈ।

Using number line find the number which is 4 less than 3.




−1 Ans

**7.** >,< ਦਾ ਪ੍ਰਯੋਗ ਕਰਕੇ ਤੁਲਨਾ ਕਰੋ। (Compare using >,< sign)

(a) 1 > 0 (b) -2 < 5 (c) 12 < 17 (d) -4 < -2

**8.** ਜੋੜਫਲ ਪਤਾ ਕਰੋ। (Find the sum of following numbers.)

(a) 120, -250

120 + (−250)
120 − 250
= −130

(b) -20, 20

−20 + 20
= 0

(c) 125, -67

125 + (−67)
125 − 67
= 58 Ans

9. ਘਟਾਓ / Subtract ਹੱਲ ਕਰੋ

(a) 20-(17)

20 − 17
= 3

(b) 15-(-2)

−15 + 2
= −13

(c) -15-(4)

−15 − 4
= −19

(d) -27 -(-2)

−27 + 2
−25

**10.** >,< ਜਾਂ = ਦੇ ਨਿਸ਼ਾਨ ਲਾ ਕੇ ਖਾਲੀ ਥਾਵਾਂ ਭਰੋ। (Fill in blanks using >,< or =)

(a) (-20) - (-10) ≥ (-15) - (5)

−20 + 10 ___ −15 − 5

−10 ≥ −20

(b) (-11) - (2) ≤ (-3) - (-7)

−11 − 2 ___ −3 + 7

−13 ≤ 4

Scanned by CamScanner

**11.** ਜੋੜਫਲ ਪਤਾ ਕਰੋ। (Find the sum of following numbers.)

(a) (-6), (-4) & 15

$-6+(-4)+15$

$-6-4+15$

$-10+15=5$ Ans

(b) (-312), (39) & (192)

$-312+39+192$

$-312+231$

$= -81$ Ans

(c) (-50), (-200) & 300

$-50+(-200)+300$

$-50-200+300$

$-250+300=50$ Ans

(b) (136), (-212) & (192)

$136+(-212)+192$


$136-212+192$

$328-212$

$= 116$ Ans


**12.** ਸੰਖਿਆ ਰੇਖਾ ਦਾ ਪ੍ਰਯੋਗ ਕਰਕੇ ਹੋਏ, ਮੁੱਲ ਪਤਾ ਕਰੋ। (Using Number line, find the value of )

(-3)+6.....=.....3.....Ans




**13.** ਸੰਖਿਆ ਰੇਖਾ ਦਾ ਪ੍ਰਯੋਗ ਕਰਕੇ ਹੋਏ ਮੁੱਲ ਪਤਾ ਕਰੋ।(Using Number line , find the value of )

(-4) - (2)..........−6..........




**14.** ਸੰਖਿਆ ਰੇਖਾ ਦੀ ਵਰਤੋਂ ਕੀਤੇ ਬਿਨ੍ਹਾਂ ਜੋੜਫਲ ਪਤਾ ਕਰੋ (find the sum without using number line.)

(a) (-225)+(100)

$-225+100$

$= -125$ Ans

(b) (-150) + (-25)

$-150-25$

$= -175$ Ans

(c) (-316)+ (-10)+ (136)

$-316-10+136$

$-326+136$

$-190$ Ans

(d) (312) + (-50) + (-62)

$312-50-62$

$312-112$

$= 200$ Ans

**15.** ਮੁੱਲ ਪਤਾ ਕਰੋ / Find the Value of

(a) (-7) - 4- (-6)

$-7-4+6$

$-11+6$

$= -5$ Ans

(b) 50-(-20) -(-6)

$50+20+6$

$=76$ Ans

(c) (-11) - 8 - (-12) + (-3)

$-11-8+12-3$

$-22+12$

$= -10$

(d) (37) + (-2) + (-65) - (-8)

$37-2-65+8$

$45-67$

$= -22$ Ans

Scanned by CamScanner

ਮੈਥ ਟੀਮ ਬਰਨਾਲਾ

**Worksheet-8** | **ਭਿੰਨਾਂ** | **ਜਮਾਤ - ਛੇਵੀਂ**

**(Fractions)**

**1.** $\frac{3}{7}$ ਦਾ ਅੰਸ਼ ਅਤੇ ਹਰ ਦੱਸੋ। (What is numerator and denominator of fraction $\frac{3}{7}$?)

ਅੰਸ਼ (Numerator) = 3    ਹਰ (Denominator) = 7

**2.** ਭਿੰਨ ਉਹ ਸੰਖਿਆਂ ਹੈ ਜੋ ਇੱਕ ਪੂਰਨ ਦਾ ਭਾਗ ਦਰਸਾਉਂਦੀ ਹੈ। (Fraction is a number which depicts part of a whole

**3.** ਇੱਕ ਭਿੰਨ ਲਿਖੋ ਜਿਸਦਾ ਅੰਸ਼ 5 ਅਤੇ ਹਰ 9 ਹੋਵੇ। (Write a fraction whose numerator is 5 and denominator is 9.)


$\frac{5}{9}$


**4.** ਅਣਉਚਿਤ ਭਿੰਨ ਨੂੰ ਮਿਸ਼ਰਤ ਭਿੰਨ ਵਿੱਚ ਲਿਖ ਸਕਦੇ ਹਾਂ। (Improper fraction can be written as mixed fraction.)


**5.** ਕਿਹੜੀ ਭਿੰਨ ਵੱਡੀ ਹੈ? $\frac{5}{3}$ ਜਾਂ $\frac{3}{8}$ (Which fraction is bigger $\frac{5}{3}$ or $\frac{3}{8}$ ) ________

$40 > 9$    $\frac{5}{3}$ ਵੱਡੀ ਹੈ।

**6.** ਦਿੱਤੀ ਹੋਈ ਭਿੰਨ ਦੇ ਅਨੁਸਾਰ, ਭਾਗਾਂ ਨੂੰ ਛਾਇਆ-ਅੰਕਿਤ ਕਰੋ। (Shade the diagram according to the given fraction.)

(a)  $\frac{2}{4}$

(b)  $\frac{3}{12}$

(c)  $\frac{3}{4}$

**7.** 5 ਸੈਕੰਡ ਇੱਕ ਮਿੰਟ ਦੀ ਕਿਹੜੀ ਭਿੰਨ ਹੈ?/What fraction represent 5 seconds of one minute. $\frac{5}{60} = \frac{1}{12}$

**8.** ਹੇਠ ਲਿਖੀਆਂ ਭਿੰਨਾਂ ਨੂੰ ਮਿਸ਼ਰਤ ਰੂਪ ਵਿੱਚ ਪ੍ਰਗਟ ਕਰੋ। (Express the following fractions into mixed fractions.)

(a) $\frac{19}{7}$ = $2\frac{5}{7}$    (b) $\frac{47}{4}$ = $11\frac{3}{4}$

**9.** ਹੇਠ ਲਿਖੀਆਂ ਭਿੰਨਾ ਦੀਆਂ (ਕੋਈ ਤਿੰਨ) ਤੁੱਲ ਭਿੰਨਾਂ ਲਿਖੋ।

Write the equivalent fractions of following fractions (Any three)

(a) $\frac{2}{7} = \frac{4}{14}, \frac{6}{21}, \frac{8}{28}$    (b) $\frac{3}{5} = \frac{6}{10}, \frac{9}{15}, \frac{12}{20}$

**10.** ਸਰਲਤਮ ਰੂਪ ਵਿੱਚ ਬਦਲੋ। (Write in simplest form)

(a) $\frac{12}{62} = \frac{6}{31}$    (b) $\frac{15}{85} = \frac{3}{17}$

**11.** >,< ਜਾਂ = ਦਾ ਨਿਸ਼ਾਨ ਲਗਾਓ (Put the symbol >,< or = in the following.)

(a) $\frac{5}{7}$ [<] $\frac{13}{7}$ (35, 91)    (b) $\frac{18}{6}$ [>] $\frac{15}{6}$ (108, 90)    (c) $\frac{2}{8}$ [>] 0

**12.** ਹੱਲ ਕਰੋ/Solve

(a) $\frac{8}{15} + \frac{13}{15}$

$\frac{8+13}{15} = \frac{21}{15} = \frac{7}{5}$ Ans

(b) $\frac{21}{30} - \frac{17}{30}$

$\frac{21-17}{30} = \frac{4}{30} = \frac{2}{15}$

(c) $\frac{5}{6} - \frac{1}{9}$

$\frac{5\times9 - 1\times6}{6\times9}$

$\frac{45-6}{54} = \frac{39}{54}$ Ans

Scanned by CamScanner

13. ਅਮਨ ਨੇ ਚਾਕਲੇਟ ਦਾ $\frac{1}{2}$ ਟੁਕੜਾ ਹਰਪ੍ਰੀਤ ਨੂੰ ਅਤੇ $\frac{1}{3}$ ਟੁੱਕੜਾ ਹਰਮਨ ਨੂੰ ਦਿੱਤਾ। ਦੋਹਾਂ ਨੂੰ ਚਾਕਲੇਟ ਦਾ ਕੁੱਲ ਕਿੰਨਾ ਹਿੱਸਾ ਦਿੱਤਾ ਗਿਆ?

Aman gives 1/2 part of choclate to Harpreet and $\frac{1}{3}$ part to Harman what is the total part of choclate he gives both of them.

ਹਰਪ੍ਰੀਤ ਨੂੰ ਦਿੱਤਾ ਟੁਕੜਾ = $\frac{1}{2}$

ਹਰਮਨ ਨੂੰ ਦਿੱਤਾ ਟੁਕੜਾ = $\frac{1}{3}$

ਦੋਹਾਂ ਨੂੰ ਦਿੱਤਾ ਹਿੱਸਾ = $\frac{1}{2}+\frac{1}{3}$ =

ਤਿਤਲੀ ਵਿਧੀ



$\frac{3+2}{6} = \frac{5}{6}$

14. $\frac{3}{5}$ ਦੇ ਤੁੱਲ ਉਹ ਭਿੰਨ ਪਤਾ ਕਰੋ ਜਿਸਦਾ। (Find the equivalents fraction to $\frac{3}{5}$ whose.)

(a) ਅੰਸ਼ 15 ਹੋਵੇ (Numerator is 15)

$\frac{3\times5}{5\times5} = \frac{15}{25}$

(b) ਹਰ 45 ਹੋਵੇ। (Denominator is 45)

$\frac{3\times9}{5\times9} = \frac{27}{45}$

15. ☐ ਵਿਚ ਸਹੀ ਸੰਖਿਆ ਲਿਖੋ। (Write the correct no in the box.)

(a) $\frac{25}{60} = \frac{15}{\boxed{36}}$

(b) $\frac{13}{91} = \frac{\boxed{20}}{140}$

16. ਹੇਠਾਂ ਲਿਖੀਆਂ ਭਿੰਨਾਂ ਨੂੰ ਸਰਲਤਮ ਰੂਪ ਵਿੱਚ ਬਦਲੋ। (Reduce the following fractions to simplest form)

(a) $\frac{48}{60}$

$\frac{48\div12}{60\div12} = \frac{4}{5}$

(b) $\frac{15}{60}$

$\frac{15\div15}{60\div15} = \frac{1}{4}$

(c) $\frac{84}{98}$

$\frac{84\div14}{98\div14} = \frac{6}{7}$


(d) $\frac{12}{52}$


$\frac{12\div4}{52\div4} = \frac{3}{13}$

17. ਸੰਖਿਆ ਰੇਖਾ ਖਿੱਚੋਂ ਅਤੇ ਹੇਠਾਂ ਲਿਖੀਆਂ ਭਿੰਨਾਂ ਨੂੰ ਬਿੰਦੂ ਰੂਪ ਵਿੱਚ ਦਰਸਾਓ। (Draw number line and locate the points on it)

(i) $\frac{1}{8}, \frac{2}{8}, \frac{3}{8}, \frac{7}{8}$

(ii) $\frac{2}{5}, \frac{3}{5}, \frac{8}{5}, \frac{4}{5}$





18. $\frac{15}{35}$ ਦੀ ਉਹ ਤੁੱਲ ਭਿੰਨ ਪਤਾ ਕਰੋ ਜਿਸਦਾ ਹਰ 7 ਹੋਵੇ। (Find the equivalent fraction of $\frac{15}{35}$ with denominator 7.)

$\frac{15\div5}{35\div5} = \frac{3}{7}$

Scanned by CamScanner

ਮੈਥ ਟੀਮ ਬਰਨਾਲਾ

**Worksheet-9** **ਦਸ਼ਮਲਵ** **ਜਮਾਤ -ਛੇਵੀਂ**

**(Decimals)**

**1.** ਹੇਠ ਲਿਖਿਆਂ ਨੂੰ ਦਸ਼ਮਲਵ ਰੂਪ ਵਿੱਚ ਬਦਲੋ। Convert each of the following into decimals.

(a) $\frac{1}{10}$ = 0.1 (b) $\frac{5}{100}$ = 0.05 (c) $\frac{75}{10}$ = 7.5 (d) $\frac{4}{5}$ = $\frac{4\times2}{5\times2} = \frac{8}{10} = 0.8$

**2.** ਹੇਠ ਲਿਖਿਆਂ ਸੰਖਿਆਵਾਂ ਨੂੰ ਸਥਾਨਕ ਮੁੱਲ ਸਾਰਣੀ ਵਿੱਚ ਲਿਖਿਆ ਗਿਆ ਹੈ। ਇਸ ਵਿੱਚ ਖਾਲੀ ਥਾਵਾਂ ਭਰੋ।
The following numbers are written in the place value table. Fill in the blanks.


(i)

| ਸੰਖਿਆ Number | ਦਹਾਈ Tens (10) | ਇਕਾਈ Ones (1) | ਦਸਵਾਂ Tenths $(\frac{1}{10})$ | ਸੌਵਾਂ Hundredths $(\frac{1}{100})$ |
|---|---|---|---|---|
| 20.5 | 2 | 0 | 5 | 0 |
| 4.2 | 0 | 4 | 2 | 0 |
| 50.03 | 5 | 0 | 0 | 3 |

(ii)


| ਸੰਖਿਆ Number | ਦਹਾਈ Tens (10) | ਇਕਾਈ Ones (1) | ਦਸਵਾਂ Tenths $(\frac{1}{10})$ | ਸੌਵਾਂ Hundredths $(\frac{1}{100})$ |
|---|---|---|---|---|
| 35.55 | 3 | 5 | 5 | 5 |
| 15.42 | 1 | 5 | 4 | 2 |
| 43.25 | 4 | 3 | 2 | 5 |

**3.** ਦਿੱਤੀ ਹੋਈ ਸੰਖਿਆ ਰੇਖਾ ਤੇ ਸਥਿਤ A, B, C, D ਬਿੰਦੂਆਂ ਦੀ ਦਸ਼ਮਲਵ ਸੰਖਿਆ ਲਿਖੋ।
Write the decimal number represented by the points A, B, C, D on the given number line.




**4.** ਹੇਠ ਲਿਖੇ ਦਸ਼ਮਲਵਾਂ ਨੂੰ ਸੰਖਿਆ ਰੇਖਾ ਤੇ ਦਰਸਾਓ। (Show the following number on the number line.)

(a) 2.2 (b) 3.7 (c) 1.5 (d) 4.6





(ਸੰਖਿਆ ਰੇਖਾ ਵਿੱਚ ਕੁਝ ਗਲਤੀ ਲੱਗ ਰਹੀ ਹੈ)

**5.** ਹੇਠ ਲਿਖਿਆਂ ਵਿਚੋਂ ਹਰੇਕ ਨੂੰ ਦਸ਼ਮਲਵ ਰੂਪ ਵਿੱਚ ਲਿਖੋ। (Write each of the following into decimal form.)


(a) $200 + 30 + 5 + \frac{2}{10} + \frac{9}{100}$ = 235.29 (b) $23 + \frac{2}{10} + \frac{6}{1000}$ = 23.206

**6.** ਹੇਠ ਬਕਸਿਆਂ ਦੀ ਸਹਾਇਤਾ ਨਾਲ ਸਾਰਣੀ ਨੂੰ ਪੂਰਾ ਕਰਕੇ ਦਸ਼ਮਲਵ ਰੂਪ ਵਿੱਚ ਲਿਖੋ।
Complete the table with the help of these boxes and use decimals form to write the number.

(i)



(ii)



| ਇਕਾਈ Ones | ਦਸਵਾਂ Tenths | ਸੌਵਾਂ Hundredths | ਸੰਖਿਆ Number |
|---|---|---|---|
| 1 | 3 | 8 | 1.38 |

Scanned by CamScanner

7. ਦਸ਼ਮਲਵ ਦਾ ਪ੍ਰਯੋਗ ਕਰਕੇ ਹੇਠ ਲਿਖਿਆਂ ਨੂੰ ਪੁੱਛੇ ਗਏ ਰੂਪ ਵਿੱਚ ਬਦਲੋ। Write the following into decimal form

(a) 5 ਪੈਸੇ ਨੂੰ ਰੁਪਏ ਵਿੱਚ

5 Paise as rupees

1 ਪੈਸਾ = $\frac{1}{100}$ ਰੁਪਏ

5 ਪੈਸੇ = $\frac{5}{100}$ = 0.05 ਰੁਪਏ

(b) 6 ਸੈ.ਮੀ ਨੂੰ ਮੀਟਰ ਵਿੱਚ

6 cm as meter

1 ਸੈਂ:ਮੀ = $\frac{1}{100}$ ਮੀ:

6 ਸੈਂ:ਮੀ = $\frac{6}{100}$ = 0.06 ਮੀ:

(c) 70 ਕਿ.ਮੀ. 5 ਮੀ. ਨੂੰ ਕਿ. ਮੀਟਰ ਵਿੱਚ

70 km 5 m as k.m.

1 ਮੀ = $\frac{1}{1000}$ ਕਿ:ਮੀ ⇒ 5 ਮੀ = $\frac{5}{1000}$ ਕਿ:ਮੀ

70 + $\frac{5}{1000}$ = 70.005 ਕਿ:ਮੀ:

(d) 2 ਗ੍ਰਾਮ ਨੂੰ ਕਿ. ਗ੍ਰਾਮ ਵਿੱਚ

2 gram as kg.

1 ਗ੍ਰਾਮ = $\frac{1}{1000}$ ਕਿ:ਗ੍ਰਾਮ

2 ਗ੍ਰਾਮ = $\frac{2}{1000}$ = 0.002 ਕਿ:ਗ੍ਰਾਮ

8. ਹੇਠ ਲਿਖਿਆਂ ਸੰਖਿਆਵਾਂ ਨੂੰ ਜੋੜ ਕਰੋ। (Find the sum in each of the following.)

(a) 0.1 +1.0 = 1.1

(b) 0.35 +0.47 0.82

(c) 0.475 + 0.23 0.705

(d) 25.25 + 0.2525 25.5025

25.2500
00.2525
25.5025

9. ਹੇਠ ਲਿਖਿਆਂ ਨੂੰ ਘਟਾਓ। (Subtract each of the following.)

(a) 8.4 ਵਿੱਚੋਂ 2.5 = 5.9

8.4
−2.5
5.9

5.9

(b) 9.756 - 6.79 2.966

9.756
6.790
2.966

10. ਹੇਠ ਦਿਤਿਆਂ ਦਸ਼ਮਲਵ ਸੰਖਿਆਵਾਂ ਨੂੰ ਭਿੰਨਾਂ ਦੇ ਰੂਪ ਵਿੱਚ ਲਿਖ ਕੇ ਸਰਲਤਮ ਰੂਪ ਵਿੱਚ ਲਿਖੋ।

Write the following decimals as fractions Reduce the fractions to lowest term.

(I) 21.02 = $\frac{2102}{100}$ = $\frac{1051}{50}$

(II) 1.0 = $\frac{10}{10}$ = 1

(III) 0.06 = $\frac{6}{100}$ = $\frac{3}{50}$

11. ਹੇਠ ਲਿਖਿਆਂ ਜੋੜਿਆਂ ਵਿਚੋਂ ਵੱਡੀ ਸੰਖਿਆ ਨੂੰ ਗੋਲਾ ਲਗਾਓ। (Circle the greater number.)

(a) 1 ਜਾਂ 0.9 = 1

(b) 25 ਜਾਂ 0.25 = 25

(b) 2.4 ਜਾਂ 24.0 = 24.0

(d) 0.50 ਜਾਂ 50.0 = 50.0

12. ਜੇਕਰ ਨੰਦੂ ਨੇ 500 ਗ੍ਰਾਮ ਆਲੂ, 250 ਗ੍ਰਾਮ ਸ਼ਿਮਲਾ ਮਿਰਚ, 700 ਗ੍ਰਾਮ ਪਿਆਜ, 500 ਗ੍ਰਾਮ ਟਮਾਟਰ, 100 ਗ੍ਰਾਮ ਅਦਰਕ ਅਤੇ 300 ਗ੍ਰਾਮ ਮੂਲੀ ਖਰੀਦੀ ਤਾਂ ਉਸਨੇ ਕੁੱਲ ਕਿੰਨੇ ਵਜਨ ਦੀ ਸਬਜ਼ੀ ਖਰੀਦੀ।

Nandu bought 500g Potatoes, 250g Capsicum, 700g Onions, 500g ginger and 300g Radish. What is the total weight of vegetables he bought.

ਆਲੂ = 500 ਗ੍ਰਾਮ
ਸ਼ਿਮਲਾ ਮਿਰਚ = 250 ਗ੍ਰਾਮ
ਪਿਆਜ = 700 ਗ੍ਰਾਮ
ਟਮਾਟਰ = 500 ਗ੍ਰਾਮ
ਅਦਰਕ = 100 ਗ੍ਰਾਮ
ਮੂਲੀ = 300 ਗ੍ਰਾਮ
Total = 2350 ਗ੍ਰਾਮ

1 ਗ੍ਰਾਮ = $\frac{1}{1000}$ ਕਿ:ਗ੍ਰਾਮ

2350 ਗ੍ਰਾਮ = $\frac{2350}{1000}$ ਕਿ:ਗ੍ਰਾਮ

= 2.350 ਕਿ:ਗ੍ਰਾਮ

ਜਾਂ 2.35 ਕਿ:ਗ੍ਰਾਮ

13. ਰਾਧਿਕਾ ਦੀ ਮਾਂ ਨੇ ਉਸਨੂੰ 10.50 ਰੁ. ਦਿੱਤੇ ਅਤੇ ਪਿਤਾ ਨੇ 15.80 ਰੁ. ਦਿੱਤੇ, ਜੇਕਰ ਉਸਨੇ 5.50 ਰੁ. ਖਰਚ ਕਰ ਦਿੱਤੇ ਤਾਂ ਉਸ ਕੋਲ ਕਿੰਨੇ ਰੁ. ਬਚੇ।

Radhika's mother give her ₹ 10.50 and her father give her ₹ 15.80 she spend ₹5.50 from this Amount. Find the balance Amount left with Radhika.

ਮਾਤਾ ਨੇ ਦਿੱਤੇ = 10.50 ਰੁ.
ਪਿਤਾ ਨੇ ਦਿੱਤੇ = 15.80 ਰੁ
ਕੁੱਲ ਰੁਪਏ = 26.30

ਕੁੱਲ ਰੁਪਏ = 26.30
ਖਰਚ ਕੀਤੇ = 5.50
ਬਾਕੀ ਬਚੇ = 20.80 ਰੁ।

Scanned by CamScanner